# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ :13-05-2026**

**ਪਹਿਲਾਂ ਬੁਲੇਟਿਨ ਦੀਆਂ ਖਾਸ ਖ਼ਬਰਾਂ।**

- ਪ੍ਰਧਾਨ ਮੰਤਰੀ ਵੱਲੋਂ ਈਂਧਣ ਦੀ ਬਚਤ ਦੀ ਅਪੀਲ ਤੋਂ ਬਾਅਦ, ਕੇਂਦਰ ਅਤੇ ਰਾਜ ਸਰਕਾਰਾਂ ਨੇ ਉਪਾਵਾਂ ਨੂੰ ਲਾਗੂ ਕਰਨਾ ਤੇਜ਼ ਕੀਤਾ। ਪੰਜਾਬ ਦੇ ਰਾਜਪਾਲ ਦੇ ਦਫ਼ਤਰ ਵਿਚ ਵੀ ਵਾਹਨਾਂ ਦੀ ਵਰਤੋਂ 'ਚ ਕਟੌਤੀ.
- ਪੰਜਾਬ ਸਕੂਲ ਸਿੱਖਿਆ ਬੋਰਡ ਨੇ 12ਵੀਂ ਜਮਾਤ ਦੀ ਬੋਰਡ ਪ੍ਰੀਖਿਆ ਦੇ ਨਤੀਜੇ ਐਲਾਨੇ.ਕੁੜੀਆਂ ਨੇ ਇੱਕ ਵਾਰ ਫਿਰ ਬਾਜ਼ੀ ਮਾਰੀ.
- ਰਾਸ਼ਟਰੀ ਜਾਂਚ ਏਜੰਸੀ ਨੇ ਹਿਜ਼ਬੁਲ ਮੁਜਾਹਿਦੀਨ ਨਾਲ ਜੁੜੇ ਪੰਜਾਬ ਦੇ ਇੱਕ ਲੋੜੀਂਦੇ ਨਾਰਕੋ-ਦਹਿਸ਼ਤਗਰਦ,ਇਕਬਾਲ ਸਿੰਘ ਸ਼ੇਰਾ ਨੂੰ ਗ੍ਰਿਫ਼ਤਾਰ ਕਰ ਲਿਆ ਏ।
- ਮੌਸਮ ਵਿਭਾਗ ਵਲੋਂ ਪੰਜਾਬ 'ਚ ਅੱਜ ਅਤੇ ਭਲਕੇ ਲਈ ਤੇਜ਼ ਹਵਾਵਾਂ ਤੇ ਬਾਰਿਸ਼ ਦਾ ਯੇਲੋ ਅਲਰਟ ਜਾਰੀ.

- IPL ਕ੍ਰਿਕੇਟ ਵਿੱਚ, ਅੱਜ ਸ਼ਾਮੀਂ ਸਾਢੇ 7 ਵਜੇ Royal ਚੈਲੇਂਜਰਜ਼ ਬੈਂਗਲੁਰੂ ਦਾ ਮੁਕਾਬਲਾ ਕੋਲਕਾਤਾ ਨਾਈਟ ਰਾਈਡਰਜ਼ ਨਾਲ ਹੋਵੇਗਾ।

**ਹੁਣ ਖ਼ਬਰਾਂ ਵਿਸਥਾਰ ਨਾਲ**

---------------------------------------------------

ਪੱਛਮੀ ਏਸ਼ੀਆਈ ਟਕਰਾਅ ਕਾਰਨ ਦੁਨੀਆ ਭਰ ਵਿਚ ਪੈਦਾ ਹੋਏ ਊਰਜਾ ਸੰਕਟ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਈਂਧਣ ਦੀ ਬਚਤ ਦੇ ਉਪਾਵਾਂ ਦੀ ਅਪੀਲ ਤੋਂ ਬਾਅਦ, ਕੇਂਦਰ ਅਤੇ ਰਾਜ ਸਰਕਾਰਾਂ ਨੇ ਇਹਨਾਂ ਉਪਾਵਾਂ ਨੂੰ ਤੇਜ਼ੀ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਏ। ਪ੍ਰਧਾਨ ਮੰਤਰੀ ਨੇ ਆਪ ਵੀ ਹਾਲ ਹੀ ਦੇ ਘਰੇਲੂ ਦੌਰਿਆਂ ਲਈ ਆਪਣੇ ਕਾਫਲੇ ਦੇ ਆਕਾਰ ਨੂੰ ਕਾਫ਼ੀ ਘਟਾ ਦਿੱਤਾ ਏ। ਓਹਨਾਂ ਦੀ ਅਪੀਲ 'ਤੇ, ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦਾ ਕਹਿਣਾ ਏ ਕਿ ਉਹ ਆਪਣੇ ਦਫ਼ਤਰ ਤੋਂ ਪੈਟਰੋਲ, ਡੀਜ਼ਲ ਬਚਾਉਣ ਲਈ ਵਾਹਨਾਂ ਦੀ ਵਰਤੋਂ ਘਟਾ ਰਹੇ ਨੇ. ਸਟਾਫ਼ ਸਾਈਕਲ 'ਤੇ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਆਵੇਗਾ, ਅਤੇ ਬੁੱਧਵਾਰ ਨੂੰ ਦਫ਼ਤਰ ਦੀ ਕਾਰ ਦੀ ਵਰਤੋਂ ਨਹੀਂ ਕੀਤੀ ਜਾਵੇਗੀ- BYTE- GOVERNER – 16 sec

ਇਹ ਕਦਮ ਪ੍ਰਧਾਨ ਮੰਤਰੀ ਵੱਲੋਂ ਨਾਗਰਿਕਾਂ ਨੂੰ ਪੱਛਮੀ ਏਸ਼ੀਆ ਸੰਕਟ ਦੇ ਦਰਮਿਆਨ ਦਰਾਮਦ ਕੀਤੇ ਈਂਧਨ 'ਤੇ ਨਿਰਭਰਤਾ ਘਟਾ ਕੇ ਅਤੇ ਚੁਗਿਰਦੇ ਲਈ ਸੁਖਾਵੇਂ ਵਿਕਲਪਾਂ ਨੂੰ ਅਪਣਾਉਂਦਿਆਂ ਆਰਥਿਕ ਸਥਿਰਤਾ ਵਿੱਚ ਯੋਗਦਾਨ ਪਾਉਣ ਦੀਆਂ ਸੱਤ ਅਪੀਲਾਂ ਦੇ ਮੁਤਾਬਿਕ ਏ.

-----------------------------------------------------

ਪੰਜਾਬ ਸਕੂਲ ਸਿੱਖਿਆ ਬੋਰਡ (PSEB) ਨੇ 12ਵੀਂ ਜਮਾਤ ਦੀ ਬੋਰਡ ਪ੍ਰੀਖਿਆ ਦੇ ਨਤੀਜੇ ਐਲਾਨ ਦਿੱਤੇ ਨੇ. PSEB ਦੇ ਚੇਅਰਪਰਸਨ ਅਮਰਪਾਲ ਸਿੰਘ ਮੁਤਾਬਿਕ, ਰਾਜ ਦੇ 3 ਹਜ਼ਾਰ 817 ਸਕੂਲਾਂ ਵਿੱਚੋਂ ਕੁੱਲ 2, ਲਖ 65 ਹਜ਼ਾਰ 417 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ 2 ਲਖ 42 ਹਜ਼ਾਰ 755 ਉਮੀਦਵਾਰਾਂ ਨੇ 91.46 ਦੀ ਪਾਸ ਫ਼ੀਸਦ ਨਾਲ ਪ੍ਰੀਖਿਆ ਪਾਸ ਕੀਤੀ. ਸਿੱਖਿਆ ਬੋਰਡ ਦੇ ਚੇਅਰਮੈਨ ਅਮਰਪਾਲ ਸਿੰਘ ਨੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ 3 ਹਜ਼ਾਰ 817 ਸਕੂਲਾਂ ਦੇ 2 ਲੱਖ 65 ਹਜ਼ਾਰ 417 ਵਿਦਿਆਰਥੀ ਇਸ ਪ੍ਰੀਖਿਆ ਵਿਚ ਬੈਠੇ ਸਨ । ਉਹਨਾਂ ਦੱਸਿਆ- Byte- CHAIRMAN – 36 sec

ਪ੍ਰੀਖਿਆ ਵਿੱਚ ਤਿੰਨ ਟਾਪਰ, ਕੁੜੀਆਂ ਨੇ, ਜਿਨ੍ਹਾਂ ਨੇ 500 ਵਿੱਚੋਂ 500 ਯਾਨੀ 100 ਫੀਸਦੀ ਅੰਕ ਪ੍ਰਾਪਤ ਕੀਤੇ ਨੇ.

ਵਿਦਿਆਰਥੀਆਂ ਦੀ ਪੋਜ਼ੀਸ਼ਨ ਨਿਰਧਾਰਤ ਕਰਨ ਲਈ ਇਹ ਮਾਪਦੰਡ ਵਰਤਿਆ ਗਿਆ ਏ ਕਿ ਕਿਸਦੀ ਉਮਰ ਘੱਟ ਏ. ਅਵਲ ਆਣ 'ਤੇ ਸੁਪਨੀਤ ਕੌਰ ਨੇ ਆਕਾਸ਼ਵਾਣੀ ਨਾਲ ਆਪਣੀ ਖੁਸ਼ੀ ਜ਼ਾਹਿਰ ਕੀਤੀ –

byte – SUPNEET KAUR – 18 sec

ਪ੍ਰੀਖਿਆਵਾਂ ਦੇ ਨਤੀਜਿਆਂ ਬਾਰੇ ਸੂਬੇ ਦੇ ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਏ ਕਿ ਇਹ ਨਤੀਜੇ ਸਾਡੇ ਵਿਦਿਆਰਥੀਆਂ ਦੀ ਅਣਥੱਕ ਮਹਿਨਤ, ਅਧਿਆਪਕਾਂ ਦੇ ਸਮਰਪਣ ਤੇ ਸਰਕਾਰ ਦੇ ਸਿਖਿਆ ਸੁਧਾਰਾਂ ਨੂੰ ਦਰਸਾਉਂਦੇ ਨੇ.ਓਹਨਾਂ ਨੇ ਤਿੰਨਾਂ ਟਾਪਰ ਵਿਦਿਆਰਥਣਾਂ ਨੂੰ ਦੀ ਸ਼ਾਨਦਾਰ ਪ੍ਰਾਪਤੀ ਦੀ ਸ਼ਲਾਘਾ ਕੀਤੀ ਅਤੇ ਸਫਲ ਹੋਏ ਸਾਰੇ ਵਿਦਿਆਰਥੀਆਂ ਨੂੰ ਉਹਨਾਂ ਦੇ ਰੌਸ਼ਨ ਭਵਿਖ ਲਈ ਸ਼ੁਭਕਾਮਨਾਵਾਂ ਦਿੱਤੀਆਂ. ਵਿਦਿਆਰਥੀ ਆਪਣਾ ਨਤੀਜਾ PSEB ਦੀ ਵੈੱਬਸਾਈਟ pseb.ac.in 'ਤੇ ਦੇਖ ਸਕਦੇ ਨੇ.

---------------------------------------------------

ਇਸ ਦੌਰਾਨ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ ਬੀ ਐਸ ਈ) ਨੇ ਵੀ ਅੱਜ 12ਵੀਂ ਜਮਾਤ ਦੀ ਬੋਰਡ ਪ੍ਰੀਖਿਆ ਦੇ ਨਤੀਜੇ ਐਲਾਨ ਦਿੱਤੇ ਨੇ । ਵਿਦਿਆਰਥੀ ਰੋਲ ਨੰਬਰ ਰਾਹੀਂ ਅਧਿਕਾਰਤ ਵੈੱਬਸਾਈਟ, ਡਿਜੀ ਲਾਕਰ ਅਤੇ ਉਮੰਗ ਐਪ 'ਤੇ ਆਪਣਾ ਨਤੀਜਾ ਦੇਖ ਸਕਦੇ ਨੇ.

-----------------------------------------------------

ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਨੇ ਲਗਾਤਾਰ ਕੂਟਨੀਤਕ ਅਤੇ ਕਾਨੂੰਨੀ ਕੋਸ਼ਿਸ਼ਾਂ ਤੋਂ ਬਾਅਦ ਪੰਜਾਬ ਦੇ ਇੱਕ ਲੋੜੀਂਦੇ ਨਾਰਕੋ-ਦਹਿਸ਼ਤਗਰਦ ਇਕਬਾਲ ਸਿੰਘ ਸ਼ੇਰਾ ਦੀ ਪੁਰਤਗਾਲ ਤੋਂ ਸਫਲਤਾ ਨਾਲ ਹਵਾਲਗੀ ਪ੍ਰਾਪਤ ਕਰਨ ਤੋਂ ਬਾਅਦ ਅੱਜ ਉਸਨੂੰ ਗ੍ਰਿਫ਼ਤਾਰ ਕਰ ਲਿਆ ਏ । ਉਹ ਹਿਜ਼ਬ-ਉਲ-ਮੁਜਾਹੀਦੀਨ (ਐਚ ਐਮ) ਦੇ ਦਹਿਸ਼ਤਗਰਦੀ ਲਈ ਰਕਮਾਂ ਜੁਟਾਉਣ ਦੇ ਮਾਮਲੇ ਵਿੱਚ ਇੱਕ ਮੁਖ ਸਾਜ਼ਿਸ਼ਕਾਰ ਸੀ ਅਤੇ 2020 ਤੋਂ ਫਰਾਰ ਸੀ। NIA ਮੁਤਾਬਿਕ, ਸ਼ੇਰਾ ਪਾਕਿਸਤਾਨ ਤੋਂ ਹੈਰੋਇਨ ਦੀ ਤਸਕਰੀ ਵਿੱਚ ਲੱਗੇ ਭਾਰਤ-ਅਧਾਰਿਤ ਨਾਰਕੋ-ਦਹਿਸ਼ਤਗਰਦੀ ਮਾਡਿਊਲ ਦਾ ਇੱਕ ਮੁੱਖ ਸਾਜ਼ਿਸ਼-ਕਰਤਾ ਅਤੇ ਹੈਂਡਲਰ ਸੀ। ਪੰਜਾਬ ਦੇ ਅੰਮ੍ਰਿਤਸਰ ਦੇ ਰਹਿਣ ਵਾਲੇ, ਸ਼ੇਰਾ ਨੇ ਪਾਕਿਸਤਾਨ ਤੋਂ ਸਰਹੱਦੀ ਰਾਜ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਸਾਜ਼ਿਸ਼ ਰਚੀ ਸੀ । ਉਸਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਵੰਡ ਲਈ ਤਾਲਮੇਲ ਅਤੇ ਨਿਗਰਾਨੀ ਕੀਤੀ ਸੀ, ਅਤੇ ਦਹਿਸ਼ਤਗਰਦ ਗਤੀਵਿਧੀਆਂ ਨੂੰ ਸੁਵਿਧਾਜਨਕ ਬਣਾਉਣ ਲਈ ਹਵਾਲਾ ਨੈੱਟਵਰਕ ਰਾਹੀਂ ਪਾਕਿਸਤਾਨ ਅਤੇ ਕਸ਼ਮੀਰ ਸਥਿਤ ਐਚ ਐਮ ਦੇ ਸੰਚਾਲਕਾਂ ਨੂੰ ਪੈਸਾ ਭੇਜਿਆ ਸੀ। ਉਸਨੇ ਇੱਕ ਦਹਿਸ਼ਤਗਰਦ ਗਿਰੋਹ ਬਣਾਇਆ ਸੀ ਅਤੇ ਵੱਡੀ ਮਾਤਰਾ ਵਿੱਚ ਹੈਰੋਇਨ ਦੀ ਤਸਕਰੀ, ਵਿਕਰੀ ਦੀ ਕਮਾਈ

ਇਕੱਠੀ ਕਰਨ ਅਤੇ ਹੈਂਡਲਰਾਂ ਅਤੇ ਦਹਿਸ਼ਤਗਰਦੀ ਸੰਚਾਲਕਾਂ ਨੂੰ ਰਕਮਾਂ ਤਬਦੀਲ ਕਰਨ ਵਿੱਚ ਲੱਗੇ ਸਾਥੀਆਂ ਦਾ ਪੰਜਾਬ-ਅਧਾਰਿਤ ਨੈੱਟਵਰਕ ਚਲਾਇਆ ਸੀ। ਇਹ ਮਾਮਲਾ ਅਸਲ ਵਿੱਚ ਪੰਜਾਬ ਪੁਲਿਸ ਵਲੋਂ ਇੱਕ H M ਕਾਰਕੁੰਨ, ਜਿਸਦੀ ਪਛਾਣ ਹਿਲਾਲ ਅਹਿਮਦ ਸ਼ੇਰਗੋਇਰੀ ਵਜੋਂ ਹੋਈ ਏ, ਦੀ ਗ੍ਰਿਫਤਾਰੀ ਤੋਂ ਬਾਅਦ ਦਰਜ ਕੀਤਾ ਗਿਆ ਸੀ। ਹੋਰ ਜਾਂਚ ਜਾਰੀ ਏ । <><>

---------------------------------------------------------------

ਪੰਜਾਬ ਸਰਕਾਰ ਨੇ ਰੱਖਿਆ ਬਲਾਂ ਵਿੱਚ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਸਰਕਾਰੀ ਨੌਕਰੀਆਂ ਵਿੱਚ ਅਗਨੀਵੀਰਾਂ ਲਈ ਰਾਖਵਾਂਕਰਨ ਨੀਤੀ ਬਣਾਉਣ ਦਾ ਫੈਸਲਾ ਕੀਤਾ ਏ । ਇਸ ਲਈ ਰੂਪ-ਰੇਖਾ ਅਤੇ ਢਾਂਚੇ ਨੂੰ ਸਮਾਂਬੱਧ ਢੰਗ ਨਾਲ ਅੰਤਿਮ ਰੂਪ ਦੇਣ ਲਈ, ਸੀਨੀਅਰ ਸਿਵਲ ਅਤੇ ਪੁਲਿਸ ਅਧਿਕਾਰੀਆਂ ਦੀ ਇੱਕ ਉੱਚ-ਅਧਿਕਾਰ ਪ੍ਰਾਪਤ ਕਮੇਟੀ ਦਾ ਗਠਨ ਕੀਤਾ ਗਿਆ ਏ । ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਰਾਖਵਾਂਕਰਨ ਵਧਾਉਣ ਨੂੰ ਸਿਧਾਂਤਕ ਤੌਰ 'ਤੇ ਪ੍ਰਵਾਨਗੀ ਦੇ ਦਿੱਤੀ ਏ ਤਾਂ ਜੋ ਇਹ ਸਿਖਲਾਈ ਪ੍ਰਾਪਤ ਅਤੇ ਅਨੁਸ਼ਾਸਿਤ ਨੌਜਵਾਨ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਦਾ ਇੱਕ ਅਨਿੱਖੜਵਾਂ ਅੰਗ ਬਣ ਸਕਣ। ਇਹ ਕਿਹਾ ਗਿਆ ਏ ਕਿ ਉਨ੍ਹਾਂ ਦੀਆਂ

ਸੇਵਾਵਾਂ ਨੂੰ ਪੰਜਾਬ ਪੁਲਿਸ, ਜੰਗਲਾਤ ਗਾਰਡ, ਅੱਗ ਬੁਝਾਊ ਸੇਵਾਵਾਂ, ਜੇਲ੍ਹਾਂ, ਹੋਮ ਗਾਰਡ ਅਤੇ ਸਰਕਾਰ ਦੇ ਕਈ ਹੋਰ ਵਿੰਗਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਜਾ ਸਕਦਾ ਏ । <><>

---------------------------------------------

ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਨਾਲ ਤਾਲਮੇਲ ਕਰਕੇ ਬਟਾਲਾ ਦੇ ਪਿੰਡ ਭੋਮਾ ਦੇ ਦੋ ਵਿਅਕਤੀਆਂ ਦੇ ਕਾਤਲਾਂ ਨੂੰ ਭਾਰਤ-ਭੂਟਾਨ ਸਰਹੱਦ ਤੋਂ ਗ੍ਰਿਫ਼ਤਾਰ ਕਰ ਲਿਆ ਏ । ਇਹ ਸਫਲਤਾ ਉਦੋਂ ਹਾਸਿਲ ਹੋਈ ਜਦੋਂ ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ ਨੇ ਆਪਣੇ ਵਿਦੇਸ਼ਾਂ ‘ਚ ਭਗੌੜਿਆਂ ਦਾ ਪਤਾ ਲਾਉਣ ਤੇ ਓਹਨਾਂ ਨੂੰ ਵਾਪਿਸ ਲਿਆਉਣ ਬਾਰੇ ਸੈੱਲ (OF-TEC) ਅਤੇ ਕੇਂਦਰੀ ਏਜੰਸੀਆਂ ਨਾਲ ਰਲ ਕੇ ਇੱਕ ਚੰਗੀ ਤਰ੍ਹਾਂ ਤਾਲਮੇਲ ਵਾਲੇ ਆਪ੍ਰੇਸ਼ਨ ਵਿੱਚ ਪੱਛਮੀ-ਬੰਗਾਲ ‘ਚ ਭਾਰਤ-ਭੂਟਾਨ ਸਰਹੱਦ ਤੋਂ ਇੱਕ ਵਿਦੇਸ਼-ਅਧਾਰਤ ਗੈਂਗਸਟਰ ਦੇ ਤਿੰਨ ਮੁੱਖ ਕਾਰਕੁਨਾਂ ਨੂੰ ਉਸ ਸਮੇਂ ਗ੍ਰਿਫ਼ਤਾਰ ਕੀਤਾ ਜਦੋਂ ਉਹ ਭੂਟਾਨ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ । ਉਹ ਪਿਛਲੇ ਮਹੀਨੇ ਪਿੰਡ ਭੋਮਾ ਦੇ ਇੱਕ ਦੋਹਰੇ ਕਤਲ ਕੇਸ ਵਿੱਚ ਸ਼ਾਮਲ ਸਨ, ਜਿਸ ਵਿੱਚ ਦੋ ਵਿਅਕਤੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਅਤੇ ਇੱਕ ਹੋਰ ਗੋਲੀ ਲਗਣ ਕਾਰਣ ਜ਼ਖਮੀ ਹੋਇਆ ਸੀ.

---------------------------------------------------------

ਪੰਜਾਬ ਸਰਕਾਰ ਦੇ ਐਨ ਆਰ ਆਈ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ "ਆਨਲਾਈਨ ਮਿਲਣੀ" ਕਰਕੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀਆਂ ਸਮੱਸਿਆਵਾਂ, ਸ਼ਿਕਾਇਤਾਂ ਅਤੇ ਸੁਝਾਅ ਸੁਣੇ। ਇਸ ਮੌਕੇ ਉਨ੍ਹਾਂ ਕਿਹਾ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੇ ਮਸਲਿਆਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਨਿਪਟਾਰੇ ਲਈ ਪੂਰੀ ਤਰ੍ਹਾਂ ਵਚਨਬੱਧ ਏ।

---------------------------------------------------------

ਮੌਸਮ ਵਿਭਾਗ ਨੇ ਦੇਸ਼ ਦੇ ਉੱਤਰ-ਪੂਰਬੀ ਹਿੱਸਿਆਂ ਵਿੱਚ ਭਾਰੀ ਤੋਂ ਬੇਹਦ ਭਾਰੀ ਬਾਰਿਸ਼ ਦੀ ਪੇਸ਼ੀਨਗੋਈ ਕੀਤੀ ਏ. ਇਸ ਤੋਂ ਇਲਾਵਾ ਅੱਜ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਗੜ੍ਹੇਮਾਰੀ ਦੇ ਨਾਲ ਗਰਜ-ਤੂਫਾਨ ਦੀ ਸੰਭਾਵਨਾ ਏ। ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ, ਚੰਡੀਗੜ੍ਹ, ਜੰਮੂ-ਕਸ਼ਮੀਰ, ਤੇ ਦਿੱਲੀ ਵਿੱਚ ਵੀ ਬਿਜਲੀ ਲਿਸ਼ਕਣ ਅਤੇ ਤੇਜ਼ ਹਵਾਵਾਂ ਦੇ ਨਾਲ ਹਨੇਰੀ – ਝਖੜ ਆਉਣ ਦੀ ਪੇਸ਼ੀਨਗੋਈ ਕੀਤੀ ਏ . ਪੰਜਾਬ ਵਿਚ ਮੌਸਮ ਵਿਭਾਗ ਵਲੋਂ ਕਈ ਥਾਵਾਂ 'ਤੇ ਤੇਜ਼ ਹਵਾਵਾਂ ਅਤੇ ਬਿਜਲੀ ਲਿਸ਼ਕਣ ਸਮੇਤ ਹਲਕੀ ਤੋਂ ਦਰਮਿਆਨੀ ਬਾਰਿਸ਼ ਦਾ ਅੱਜ ਅਤੇ ਭਲਕੇ ਲਈ ਯੇਲੋ ਅਲਰਟ ਜਾਰੀ ਕੀਤਾ ਗਿਆ ਏ. ਇਸਦੇ ਨਾਲ ਹੀ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿਚ ਆਉਂਦੀ 17 ਤਰੀਕ ਤੋਂ 19 ਤਰੀਕ ਤਕ ਗਰਮੀ ਅਤੇ ਲੂ ਦਾ ਵੀ

ਯੇਲੋ ਅਲਰਟ ਜਾਰੀ ਕੀਤਾ ਗਿਆ ਏ. ਇਸ ਦੋਰਾਨ ਅੱਜ ਪੰਜਾਬ ‘ਚ ਫਰੀਦਕੋਟ 43.7 ਡਿਗਰੀ ਸੈਲਸੀਅਸ ਤਾਪਮਾਨ ਨਾਲ ਸਭ ਤੋਂ ਗਰਮ ਸਥਾਨ ਰਿਹਾ ,

ਜਦਕਿ ਹਰਿਆਣਾ ਦੇ ਸਿਰਸਾ ਵਿੱਚ ਵੱਧ ਤੋਂ ਵੱਧ ਤਾਪਮਾਨ 44 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ।

---

IPL ਕ੍ਰਿਕੇਟ ਵਿੱਚ, ਅੱਜ ਰਾਏਪੁਰ ਵਿੱਚ, Royal ਚੈਲੇਂਜਰਜ਼ ਬੈਂਗਲੁਰੂ ਦਾ ਮੁਕਾਬਲਾ ਕੋਲਕਾਤਾ ਨਾਈਟ ਰਾਈਡਰਜ਼ ਨਾਲ ਹੋਵੇਗਾ। ਇਹ ਮੈਚ ਸ਼ਾਮੀਂ ਸਾਢੇ 7 ਵਜੇ ਸ਼ੁਰੂ ਹੋਵੇਗਾ। ਬੀਤੀ ਰਾਤ ਅਹਿਮਦਾਬਾਦ ਦੇ ਨਰੇਂਦਰ ਮੋਦੀ ਸਟੇਡੀਅਮ 'ਚ, ਗੁਜਰਾਤ ਟਾਈਟਨਜ਼ ਨੇ ਸਨਰਾਈਜ਼ਰਸ ਹੈਦਰਾਬਾਦ ਨੂੰ 82 ਦੌੜਾਂ ਨਾਲ ਹਰਾ ਕੇ, ਅੰਕ ਸੂਚੀ ਵਿੱਚ ਸਿਖਰਲਾ ਸਥਾਨ ਹਾਸਲ ਕਰ ਲਿਆ ਏ ।

---

- ਪ੍ਰਧਾਨ ਮੰਤਰੀ ਵੱਲੋਂ ਈਂਧਣ ਦੀ ਬਚਤ ਦੀ ਅਪੀਲ ਤੋਂ ਬਾਅਦ, ਕੇਂਦਰ ਅਤੇ ਰਾਜ ਸਰਕਾਰਾਂ ਨੇ ਉਪਾਵਾਂ ਨੂੰ ਲਾਗੂ ਕਰਨਾ ਤੇਜ਼ ਕੀਤਾ । ਪੰਜਾਬ ਦੇ ਰਾਜਪਾਲ ਦੇ ਦਫ਼ਤਰ ਵਿਚ ਵੀ ਵਾਹਨਾਂ ਦੀ ਵਰਤੋਂ ‘ਚ ਕਟੌਤੀ.

- ਪੰਜਾਬ ਸਕੂਲ ਸਿੱਖਿਆ ਬੋਰਡ ਨੇ 12ਵੀਂ ਜਮਾਤ ਦੀ ਬੋਰਡ ਪ੍ਰੀਖਿਆ ਦੇ ਨਤੀਜੇ ਐਲਾਨੇ.ਕੁੜੀਆਂ ਨੇ ਇੱਕ ਵਾਰ ਫਿਰ ਬਾਜ਼ੀ ਮਾਰੀ.
- ਰਾਸ਼ਟਰੀ ਜਾਂਚ ਏਜੰਸੀ ਨੇ ਹਿਜ਼ਬੁਲ ਮੁਜਾਹਿਦੀਨ ਨਾਲ ਜੁੜੇ ਪੰਜਾਬ ਦੇ ਇੱਕ ਲੋੜੀਂਦੇ ਨਾਰਕੋ-ਦਹਿਸ਼ਤਗਰਦ,ਇਕਬਾਲ ਸਿੰਘ ਸ਼ੇਰਾ ਨੂੰ ਗ੍ਰਿਫ਼ਤਾਰ ਕਰ ਲਿਆ ਏ।
- ਮੌਸਮ ਵਿਭਾਗ ਵਲੋਂ ਪੰਜਾਬ 'ਚ ਅੱਜ ਅਤੇ ਭਲਕੇ ਲਈ ਤੇਜ਼ ਹਵਾਵਾਂ ਤੇ ਬਾਰਿਸ਼ ਦਾ ਯੇਲੋ ਅਲਰਟ ਜਾਰੀ.
- IPL ਕ੍ਰਿਕੇਟ ਵਿੱਚ, ਅੱਜ ਸ਼ਾਮੀਂ ਸਾਢੇ 7 ਵਜੇ Royal ਚੈਲੇਂਜਰਜ਼ ਬੈਂਗਲੁਰੂ ਦਾ ਮੁਕਾਬਲਾ ਕੋਲਕਾਤਾ ਨਾਈਟ ਰਾਈਡਰਜ਼ ਨਾਲ ਹੋਵੇਗਾ।

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ** !